**TLC ਡ੍ਰਾਈਵਰ ਲਾਇਸੰਸ ਬਿਨੈਪੱਤਰ ਗਾਈਡ, ਇਹਨਾਂ ਵਾਹਨਾਂ ਨੂੰ ਚਲਾਉਣ ਦੇ ਲਈ:**

- **ਮੈਡਲੀਆਨ ਟੈਕਸੀਕੈਬ** (ਪੀਲੀ)
- **SHL ਵਾਹਨ** (ਹਰੇ), **ਅਤੇ**
- **ਭਾੜੇ-ਲਈ ਵਾਹਨ** (**FHV**)
- **ਪੈਰਾਟ੍ਰਾਂਜ਼ਿਟ**
- **ਕਮਿਊਟਰ ਵੈਨ**

ਫ਼ੀਸ**:**

- ***ਸਭ ਫ਼ੀਸਾਂ ਨਾ-ਮੁੜਨਯੋਗ ਹਨ – ਕੋਈ ਛੋਟ ਨਹੀਂ***
- **ਲਾਇਸੰਸ**: ਤਿੰਨ-ਸਾਲੀ ਲਾਇਸੰਸ ਲਈ **$252.00**
- **ਡਰੱਗ-ਟੈਸਟ: $34.00**
- **ਫ਼ਿੰਗਰਪ੍ਰਿੰਟ/ਫ਼ੋਟੋ: $90.25**
- **24 ਘੰਟਿਆਂ ਦੀ ਕਲਾਸ: $245-$250**
- **TLC ਡ੍ਰਾਈਵਰ ਲਾਇਸੰਸ ਪ੍ਰੀਖਿਆ: $49 ਪ੍ਰਤੀ ਮੌਕੇ**
- **WAV ਸਿਖਲਾਈ: $50 - $125**
- **ਸੁਰੱਖਿਅਤ ਡ੍ਰਾਇਵਿੰਗ ਕੋਰਸ: $25-$75**

## ਹੋਰ ਜਾਣਕਾਰੀ ਲਈ ਦੇਖੋ:

TLC ਡ੍ਰਾਈਵਰ ਲਾਇਸੰਸ ਪ੍ਰਾਪਤ ਕਰੋ

## ਅਰਜ਼ੀ ਦੇਣ ਲਈ ਜਾਓ:

**www.nyc.gov/lars**

ਤੁਹਾਨੂੰ ਲਾਜ਼ਮੀ ਹੀ ਔਨਲਾਈਨ ਅਰਜ਼ੀ ਦੇਣੀ ਪਏਗੀ।
ਤੁਸੀਂ ਵਿਅਕਤੀਗਤ ਤੌਰ ‘ਤੇ ਮਿਲਕੇ ਅਰਜ਼ੀ ਨਹੀਂ ਦੇ ਸਕਦੇ।

**NYC Taxi & Limousine Commission**
**Division of Licensing**
**31-00 47th Avenue, 3rd Floor Long Island City, NY 11101**

# TLC ਡ੍ਰਾਈਵਰ ਲਾਇਸੰਸ ਬਿਨੈਪੱਤਰ ਗਾਈਡ

**ਪੀਲੀ ਟੈਕਸੀ**

**ਹਰੀ ਟੈਕਸੀ**

**ਭਾੜੇ-ਲਈ ਵਾਹਨ**
**ਪੈਰਾਟ੍ਰਾਂਜ਼ਿਟ**
**ਕਮਿਊਟਰ ਵੈਨ**

**ਮੰਗਾਂ ਅਤੇ ਸ਼ਰਤਾਂ**

NYC Taxi & Limousine Commission

## TLC ਡ੍ਰਾਈਵਰ ਲਾਇਸੰਸ ਮੰਗਾਂ:

ਆਪਣੀ ਅਰਜ਼ੀ ਦੇਣ ਦੇ 90 ਦਿਨਾਂ ਦੇ ਅੰਦਰ, ਤੁਹਾਨੂੰ ਇਹ ਸ਼ਰਤਾਂ ਪੂਰੀਆਂ ਕਰਨਾ ਲਾਜ਼ਮੀ ਹੈ, ਨਹੀਂ ਤਾਂ ਤੁਹਾਡੀ ਦਰਖ਼ਾਸਤ ਖ਼ਾਰਿਜ ਕਰ ਦਿੱਤੀ ਜਾਵੇਗੀ:

1. ਘੱਟੋ-ਘੱਟ 19 ਸਾਲ ਦੇ ਹੋ
2. ਇੱਕ ਵੈਧ DMV **ਚਾਲਕ** ਦੇ ਲਾਇਸੰਸ ਦਾ ਸਬੂਤ – NY ਰਾਜ ਦੇ ਲਈ, ਇਹ ਕਲਾਸ A, B, C, ਜਾਂ E ਹੁੰਦਾ ਹੈ। ਹੋਰ ਰਾਜਾਂ ਦੇ ਲਈ ਜਾਂਚ ਕਰੋ।
3. ਤੁਹਾਡੇ ਕੋਲ ਲਾਜ਼ਮੀ ਹੀ ਇੱਕ **ਵੈਧ ਸਮਾਜਿਕ ਸੁਰੱਖਿਆ ਨੰਬਰ** ਹੋਣਾ ਚਾਹੀਦਾ ਹੈ।
4. NYS DMV ਜਾਂ TLC ਦੇ ਵੱਲ ਕੋਈ ਜੁਰਮਾਨਾ ਜਾਂ ਫ਼ੀਸ ਬਕਾਇਆ ਨਹੀਂ।
5. ਅਰਜ਼ੀ ਦੇਣ ਤੋਂ ਪਹਿਲਾਂ 3 ਸਾਲਾਂ ਦੇ ਅੰਦਰ ਸੁਰੱਖਿਆ ਡ੍ਰਾਇਵਿੰਗ ਕੋਰਸ (DDC) ਦੇ ਪੂਰਾ ਕਰਨ ਦਾ ਸਬੂਤ।
6. ਵ੍ਹੀਲਚੇਅਰ ਐਕਸੈੱਸਿਬਲ ਸਿਖਲਾਈ ਪੂਰੀ ਕਰੋ
7. ਇੱਕ 24 ਘੰਟਿਆਂ ਦੇ ਕੋਰਸ ਨੂੰ ਪੂਰਾ ਕਰੋ ਅਤੇ ਟੈਸਟ ਪਾਸ ਕਰੋ
8. ਤੁਹਾਡੇ DMV ਲਾਇਸੰਸ 'ਤੇ ਤੁਹਾਡੀ ਅਰਜ਼ੀ ਦੀ ਮਿਤੀ ਤੋਂ ਪਿਛਲੇ 15 ਮਹੀਨਿਆਂ ਦੀ ਮਿਆਦ ਦੌਰਾਨ 5 ਪੁਆਇੰਟਾਂ ਤੋਂ ਜ਼ਿਆਦਾ ਨਹੀਂ ਹੋਣੇ ਚਾਹੀਦੇ।
9. TLC ਮੈਡੀਕਲ ਫ਼ਾਰਮ ਲਾਜ਼ਮੀ ਹੀ ਕਿਸੀ ਲਾਇਸੰਸਸ਼ੁਦਾ ਡਾਕਟਰ ਦੁਆਰਾ ਹੋਇਆ ਹੋਣਾ ਚਾਹੀਦਾ ਹੈ ਜੋ 90 ਦਿਨਾਂ ਤੋਂ ਜ਼ਿਆਦਾ ਪੁਰਾਣਾ ਨਹੀਂ ਹੋਣਾ ਚਾਹੀਦਾ।
10. ਡਰੱਗ ਟੈਸਟ ਕਰਵਾਓ ਅਤੇ ਪਾਸ ਕਰੋ।
11. TLC ਵੈਬਸਾਈਟ 'ਤੇ ਸੈਕਸ ਤਸਕਰੀ ਜਾਗਰੂਕਤਾ ਸਿਖਲਾਈ ਵੀਡੀਓ ਦੇਖੋ।
12. ਫ਼ਿੰਗਰਪ੍ਰਿੰਟ ਕਰਵਾਉਣੇ ਲਾਜ਼ਮੀ ਹਨ। ਫ਼ਿੰਗਰਪ੍ਰਿੰਟਾਂ ਦੀ ਜਾਂਚ ਅਪਰਾਧਿਕ ਇਤਿਹਾਸ ਪਤਾ ਕਰਨ ਲਈ ਕੀਤੀ ਜਾਵੇਗੀ।
13. ਕੋਈ ਲੰਬਿਤ ਅਪਰਾਧਿਕ ਦੋਸ਼ ਨਹੀਂ ਹੋਣੇ ਚਾਹੀਦੇ ਜੋ ਅਰਜ਼ੀ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ ਹੱਲ ਨਹੀਂ ਹੋਣਗੇ।
14. ਜੇਕਰ DMV ਡਰਾਈਵਰ ਲਾਇਸੰਸ NY ਰਾਜ ਦਾ **ਨਹੀਂ** ਹੈ, ਤਾਂ ਰਾਜ-ਤੋਂ-ਬਾਹਰੀ DMV ਡ੍ਰਾਇਵਿੰਗ ਸ਼ਨਾਖ਼ਤ 90 ਦਿਨਾਂ ਤੋਂ ਜ਼ਿਆਦਾ ਪੁਰਾਣਾ ਨਹੀਂ ਹੋਣਾ ਚਾਹੀਦਾ।
15. ਜੇਕਰ NY ਰਾਜ DMV ਡਰਾਈਵਰ ਲਾਇਸੰਸ 1 ਸਾਲ ਤੋਂ ਘੱਟ ਪੁਰਾਣਾ ਹੈ, ਤਾਂ ਸਭ ਤੋਂ ਹਾਲੀਆ ਰਾਜ-ਤੋਂ-ਬਾਹਰੀ DMV ਡ੍ਰਾਇਵਿੰਗ ਸ਼ਨਾਖ਼ਤ

## ***ਅਰਜ਼ੀ ਨਾ ਦੇਣਾ ਜੇਕਰ***

**ਤੁਸੀਂ ਪਿਛਲੇ ਸਾਲ ਹੇਠ ਲਿਖਿਆਂ ਵਿੱਚੋਂ ਕਿਸੇ ਵਿੱਚ ਸ਼ਾਮਲ ਹੋ:**

1. 4 ਜਾਂ ਵੱਧ ਟ੍ਰੈਫ਼ਿਕ ਹਾਦਸੇ ਵਿੱਚ ਸ਼ਾਮਿਲ ਹੋਵੋ।
2. ਮੋਟਰ ਵਾਹਨ ਨੂੰ ਬਿਨ੍ਹਾਂ ਲਾਇਸੰਸ ਚਲਾਉਣ ਦੇ ਦੋਸ਼ੀ ਪਾਏ ਗਏ ਹੋਵੋ।
3. TLC ਲਾਇਸੰਸ ਰੱਖਣ ਲਈ ਯੋਗ ਨਹੀਂ ਪਾਏ ਗਏ ਹੋਵੋ (ਅਰਜ਼ੀ ਦੀ ਮਿਤੀ ਤੋ ਇੱਕ ਸਾਲ ਦੇ ਫਰਕ ਦੇ ਨਾਲ)।
4. ਡਰੱਗ ਟੈਸਟ ਵਿੱਚ ਫ਼ੇਲ ਹੋ ਗਏ ਹੋਵੋ (ਫ਼ੇਲ ਹੋਏ ਡਰੱਗ ਟੈਸਟ ਦੀ ਤਾਰੀਖ ਤੋਂ ਇੱਕ ਸਾਲ ਦੇ ਫਰਕ ਦੇ ਨਾਲ)।

**ਪਿਛਲੇ 3 ਸਾਲਾਂ ਵਿੱਚ ਤੁਹਾਡਾ TLC ਲਾਇਸੰਸ:**

1. ਰੱਦ ਕੀਤਾ ਗਿਆ ਸੀ (ਇਸਦੀ ਰੱਦ ਕੀਤੇ ਜਾਣ ਦੀ ਮਿਤੀ ਤੋਂ 3 ਸਾਲ ਦੇ ਫਰਕ ਦੇ ਨਾਲ)।
2. ਜਦੋਂ ਰੱਦ ਕਰਨ ਦੇ ਚਾਰਜ ਲੰਬਿਤ ਸਨ, ਤਾਂ ਸਰੈਂਡਰ ਕੀਤਾ ਗਿਆ ਜਾਂ ਮਿਆਦ ਮੁੱਕ ਗਈ ਸੀ (ਸਰੈਂਡਰ ਜਾਂ ਮਿਆਦ ਮੁੱਕਣ ਦੀ ਮਿਤੀ ਤੋਂ 3 ਸਾਲ ਦੇ ਫਰਕ ਦੇ ਨਾਲ)।

**ਸਭ ਦਸਤਾਵੇਜ਼ਾਂ ਦੇ ਉੱਪਰ ਤੁਹਾਡਾ ਨਾਮ ਸਮਾਨ ਹੋਣਾ ਲਾਜ਼ਮੀ ਹੈ:**
ਤੁਹਾਡਾ ਪਹਿਲਾ, ਵਿਚਕਾਰਲਾ, ਅਤੇ ਆਖਰੀ ਨਾਮ ਸਭ ਦਸਤਾਵੇਜ਼ਾਂ ਦੇ ਉੱਪਰ ਸਮਾਨ ਹੋਣਾ ਲਾਜ਼ਮੀ ਹੈ।

## TLC ਪੈਰਾਟ੍ਰਾਂਜ਼ਿਟ/ਯਾਤਰੀ ਵੈਨ ਡ੍ਰਾਈਵਰ ਲਾਇਸੰਸ ਮੰਗਾਂ:

ਆਪਣੀ ਅਰਜ਼ੀ ਦੇਣ ਦੇ 90 ਦਿਨਾਂ ਦੇ ਅੰਦਰ, ਤੁਹਾਨੂੰ ਇਹ ਸ਼ਰਤਾਂ ਪੂਰੀਆਂ ਕਰਨਾ ਲਾਜ਼ਮੀ ਹੈ, ਨਹੀਂ ਤਾਂ ਤੁਹਾਡੀ ਦਰਖ਼ਾਸਤ ਖ਼ਾਰਿਜ ਕਰ ਦਿੱਤੀ ਜਾਵੇਗੀ:

1. ਘੱਟੋ-ਘੱਟ 18 ਸਾਲ ਦੇ ਹੋ
2. ਇੱਕ ਵੈਧ DMV **ਮੋਟਰਚਾਲਕ** ਦੇ ਲਾਇਸੰਸ ਦਾ ਸਬੂਤ – NY ਰਾਜ ਦੇ ਲਈ, ਇਹ ਕਲਾਸ A, B, C ਹੁੰਦਾ ਹੈ। ਹੋਰ ਰਾਜਾਂ ਦੇ ਲਈ ਜਾਂਚ ਕਰੋ
3. ਇੱਕ ਕਿਰਿਆਸ਼ੀਲ 19A ਵਜੋਂ ਮਾਨਤਾ-ਪ੍ਰਾਪਤ ਹੋਣਾ ਲਾਜ਼ਮੀ
4. ਤੁਹਾਡੇ ਕੋਲ ਲਾਜ਼ਮੀ ਹੀ ਇੱਕ **ਵੈਧ ਸਮਾਜਿਕ ਸੁਰੱਖਿਆ ਨੰਬਰ** ਹੋਣਾ ਚਾਹੀਦਾ ਹੈ
5. NYS DMV ਜਾਂ TLC ਦੇ ਵੱਲ ਕੋਈ ਜੁਰਮਾਨਾ ਜਾਂ ਫ਼ੀਸ ਬਕਾਇਆ ਨਹੀਂ
6. ਅਰਜ਼ੀ ਦੇਣ ਤੋਂ ਪਹਿਲਾਂ 3 ਸਾਲਾਂ ਦੇ ਅੰਦਰ ਸੁਰੱਖਿਆ ਡ੍ਰਾਇਵਿੰਗ ਕੋਰਸ (DDC) ਦੇ ਪੂਰਾ ਕਰਨ ਦਾ ਸਬੂਤ।
7. ਤੁਹਾਡੇ DMV ਲਾਇਸੰਸ 'ਤੇ ਤੁਹਾਡੀ ਅਰਜ਼ੀ ਦੀ ਮਿਤੀ ਤੋਂ ਪਿਛਲੇ 15 ਮਹੀਨਿਆਂ ਦੀ ਮਿਆਦ ਦੌਰਾਨ 5 ਪੁਆਇੰਟਾਂ ਤੋਂ ਜ਼ਿਆਦਾ ਨਹੀਂ ਹੋਣੇ ਚਾਹੀਦੇ
8. TLC ਵੈਬਸਾਈਟ 'ਤੇ ਸੈਕਸ ਤਸਕਰੀ ਜਾਗਰੂਕਤਾ ਸਿਖਲਾਈ ਵੀਡੀਓ ਦੇਖੋ
9. ਫ਼ਿੰਗਰਪ੍ਰਿੰਟ ਕਰਵਾਉਣੇ ਲਾਜ਼ਮੀ ਹਨ। ਫ਼ਿੰਗਰਪ੍ਰਿੰਟਾਂ ਦੀ ਜਾਂਚ ਅਪਰਾਧਿਕ ਇਤਿਹਾਸ ਪਤਾ ਕਰਨ ਲਈ ਕੀਤੀ ਜਾਵੇਗੀ
10. ਕੋਈ ਲੰਬਿਤ ਅਪਰਾਧਿਕ ਦੋਸ਼ ਨਹੀਂ ਹੋਣੇ ਚਾਹੀਦੇ ਜੋ ਅਰਜ਼ੀ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ ਹੱਲ ਨਹੀਂ ਹੋਣਗੇ
11. ਜੇਕਰ DMV ਡਰਾਈਵਰ ਲਾਇਸੰਸ NY ਰਾਜ ਦਾ **ਨਹੀਂ** ਹੈ, ਤਾਂ ਰਾਜ-ਤੋਂ-ਬਾਹਰੀ DMV ਡ੍ਰਾਇਵਿੰਗ ਸ਼ਨਾਖ਼ਤ 90 ਦਿਨਾਂ ਤੋਂ ਜ਼ਿਆਦਾ ਪੁਰਾਣਾ ਨਹੀਂ ਹੋਣਾ ਚਾਹੀਦਾ।
12. ਜੇਕਰ NY ਰਾਜ DMV ਡਰਾਈਵਰ ਲਾਇਸੰਸ 1 ਸਾਲ ਤੋਂ ਘੱਟ ਪੁਰਾਣਾ ਹੈ, ਤਾਂ ਸਭ ਤੋਂ ਹਾਲੀਆ ਰਾਜ-ਤੋਂ-ਬਾਹਰੀ DMV ਡ੍ਰਾਇਵਿੰਗ ਸ਼ਨਾਖ਼ਤ